# ਡਾਊਨਟਾਊਨ ਗ੍ਰੈਨਵਿਲ ਸਟ੍ਰੀਟ ਦੇ ਭਵਿੱਖ ਬਾਰੇ ਆਪਣੇ ਵਿਚਾਰ ਸਾਂਝੇ ਕਰੋ

ਵੈਨਕੂਵਰ ਸਿਟੀ ਡਾਊਨਟਾਊਨ ਗ੍ਰੈਨਵਿਲ ਸਟ੍ਰੀਟ ਦੇ ਭਵਿੱਖ ਬਾਰੇ ਪ੍ਰਸਤਾਵਿਤ ਨਿਰਦੇਸ਼ਾਂ 'ਤੇ ਰਾਏ ਮੰਗ ਰਿਹਾ ਹੈ।

ਹੁਣ ਤੋਂ ਲੈ ਕੇ 23 ਫਰਵਰੀ, 2025 ਤੱਕ, ਵੈਨਕੂਵਰ ਵਿੱਚ ਰਹਿਣ, ਕੰਮ ਕਰਨ ਅਤੇ ਖੇਡਣ ਵਾਲੇ ਲੋਕਾਂ ਨੂੰ ਇਸ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ ਕਿ ਡਾਊਨਟਾਊਨ ਗ੍ਰੈਨਵਿਲ ਸਟ੍ਰੀਟ ਨੂੰ ਕਿਵੇਂ ਇੱਕ ਸੁਆਗਤੀ, ਜੀਵੰਤ ਅਤੇ ਸੁਰੱਖਿਅਤ ਮਨੋਰੰਜਨ ਡਿਸਟ੍ਰਿਕਟ ਵਿੱਚ ਪਰਿਵਰਤਿਤ ਕੀਤਾ ਜਾਵੇ, ਅਤੇ ਨਾਲ ਹੀ ਖੇਤਰ ਨੂੰ ਖਾਸ ਬਣਾਉਣ ਵਾਲੇ ਵਿਲੱਖਣ ਇਤਿਹਾਸ ਨੂੰ ਸੁਰੱਖਿਅਤ ਰੱਖਿਆ ਜਾਵੇ।

2023 ਵਿੱਚ, ਸਿਟੀ ਕੌਂਸਲ ਨੇ ਖੇਤਰ ਨੂੰ ਮੁੜ-ਸੁਰਜੀਤ ਕਰਨ ਲਈ ਗ੍ਰੈਨਵਿਲ ਸਟ੍ਰੀਟ ਯੋਜਨਾਬੰਦੀ ਪ੍ਰੋਗਰਾਮ ਸ਼ੁਰੂ ਕਰਨ ਦੇ ਸਮਰਥਨ ਵਿੱਚ ਵੋਟ ਦਿੱਤੀ। ਹੁਣ ਪੇਸ਼ ਕੀਤੇ ਜਾ ਰਹੇ ਪ੍ਰਸਤਾਵਿਤ ਨਿਰਦੇਸ਼ ਜਨਤਕ ਸ਼ਮੂਲੀਅਤ ਤੋਂ ਮਿਲੀ ਜਾਣਕਾਰੀ ਨੂੰ ਦਰਸਾਉਂਦੇ ਹਨ, ਨਾਲ ਹੀ xʷməθkʷəy̓əm (Musqueam), Sḵwx̱wú7mesh (Squamish), ਅਤੇ səlilwətaɬ (Tsleil-Waututh) ਰਾਸ਼ਟਰਾਂ, ਭਾਈਚਾਰਕ ਸੰਗਠਨਾਂ, ਅਜਿਹੇ ਸਮੂਹਾਂ ਜਿਨ੍ਹਾਂ ਨੂੰ ਬਰਾਬਰੀ ਨਹੀਂ ਦਿੱਤੀ ਗਈ ਹੈ, ਸੇਵਾ ਪ੍ਰਦਾਤਾਵਾਂ, ਸਥਾਨਕ ਕਾਰੋਬਾਰਾਂ ਅਤੇ ਨਿਵਾਸੀਆਂ ਨਾਲ ਚੱਲ ਰਹੀ ਗੱਲਬਾਤ ਨੂੰ ਦਰਸਾਉਂਦੇ ਹਨ।

## ਪ੍ਰਸਤਾਵਿਤ ਨਿਰਦੇਸ਼:

ਡਾਊਨਟਾਊਨ ਗ੍ਰੈਨਵਿਲ ਸਟ੍ਰੀਟ ਨੇ ਸਾਲਾਂ ਦੌਰਾਨ ਚੁਣੌਤੀਆਂ ਦਾ ਸਾਹਮਣਾ ਕੀਤਾ ਹੈ, ਪਰ ਇਹ ਮੌਕਿਆਂ ਨਾਲ ਭਰਪੂਰ ਰਹੀ। ਪ੍ਰਸਤਾਵਿਤ ਨਿਰਦੇਸ਼ਾਂ ਦਾ ਉਦੇਸ਼ ਦਿਨ ਅਤੇ ਰਾਤ ਦੀਆਂ ਗਤੀਵਿਧੀਆਂ ਨੂੰ ਵਿਵਿਧ ਬਣਾਉਣਾ, ਸੁਰੱਖਿਅਤ ਅਤੇ ਵਧੇਰੇ ਸਮਾਵੇਸ਼ੀ ਮਾਹੌਲ ਬਣਾਉਣਾ, ਨਵੇਂ ਆਰਥਿਕ ਮੌਕਿਆਂ ਨੂੰ ਖੋਲ੍ਹਣਾ, ਹੋਟਲ ਸਪਲਾਈ ਵਧਾਉਣਾ ਅਤੇ ਵੱਧਦੇ-ਫੁੱਲਦੇ ਕਲਾ ਅਤੇ ਸੱਭਿਆਚਾਰਕ ਦ੍ਰਿਸ਼ ਨੂੰ ਉਤਸ਼ਾਹਿਤ ਕਰਨਾ ਹੈ।

ਪ੍ਰਸਤਾਵਿਤ ਨਿਰਦੇਸ਼ਾਂ ਦੀਆਂ ਮੁੱਖ ਵਿਸ਼ੇਸ਼ਤਾਵਾਂ ਵਿੱਚ ਸ਼ਾਮਲ ਹਨ:

- ਪ੍ਰੋਤਸਾਹਨ ਰਾਹੀਂ ਸੱਭਿਆਚਾਰਕ ਸਥਾਨਾਂ ਦਾ ਵਿਸਤਾਰ ਕਰਦੇ ਹੋਏ, ਔਰਫਿਅਮ (Orpheum), ਕਮੋਡੋਰ ਬਾਲਰੂਮ (Commodore Ballroom) ਅਤੇ ਵੋਗ ਥੀਏਟਰ (Vogue Theatre) ਵਰਗੇ ਪ੍ਰਤੀਕ ਸਥਾਨਾਂ ਦੀ ਰੱਖਿਆ ਅਤੇ ਸਮਰਥਨ ਕਰਨ ਲਈ **ਸੱਭਿਆਚਾਰਕ ਨਿਵੇਸ਼**।
- ਵੈਨਕੂਵਰ ਪੁਲਿਸ ਵਿਭਾਗ ਨਾਲ ਨਿਰੰਤਰ ਚੱਲ ਰਹੇ ਸਹਿਯੋਗ ਅਤੇ ਹਰ ਕਿਸੇ ਲਈ ਸੁਰੱਖਿਆ ਵਧਾਉਣ ਲਈ ਕਾਰਵਾਈਆਂ ਨੂੰ ਲਾਗੂ ਕਰਕੇ **ਸੁਰੱਖਿਆ ਅਤੇ ਤੰਦਰੁਸਤੀ ਵਿੱਚ ਸੁਧਾਰ ਕਰਨਾ**। ਇਸ ਵਿੱਚ ਲਿੰਗ-ਅਧਾਰਤ ਹਿੰਸਾ ਨੂੰ ਰੋਕਣ ਅਤੇ ਪ੍ਰਤਿਕਿਰਿਆ ਕਰਨ 'ਤੇ ਕੇਂਦ੍ਰਿਤ ਭਾਈਚਾਰਾ-ਅਧਾਰਤ ਸੜਕਾਂ 'ਤੇ ਲੋਕਾਂ ਤੱਕ ਪਹੁੰਚ ਕਰਨ ਵਾਲੀਆਂ ਟੀਮਾਂ ਸ਼ਾਮਲ ਹਨ।

- ਵਧੇਰੇ ਵਪਾਰਕ, ਰਿਹਾਇਸ਼ੀ, ਹੋਟਲ ਅਤੇ ਮਿਸ਼ਰਿਤ-ਵਰਤੋਂ ਵਾਲੀਆਂ ਇਮਾਰਤਾਂ ਨੂੰ ਉਤਸ਼ਾਹਿਤ ਕਰਨ ਲਈ ਵਧਾਈ ਗਈ ਉਚਾਈ ਅਤੇ ਘਣਤਾ ਦੇ ਨਾਲ **ਤਿੰਨ ਉਪ-ਖੇਤਰਾਂ ਵਿੱਚ ਭੂਮੀ-ਵਰਤੋਂ ਅਤੇ ਵਿਕਾਸ।**
    - **ਗ੍ਰੈਨਵਿਲ ਅਤੇ ਰੌਬਸਨ ਸਟ੍ਰੀਟਾਂ 'ਤੇ ਸਿਟੀ ਸੈਂਟਰ** ਵਿੱਚ ਨਵੀਆਂ ਮਿਸ਼ਰਿਤ-ਵਰਤੋਂ ਵਾਲੀਆਂ ਰਿਹਾਇਸ਼ੀ, ਵਪਾਰਕ, ਹੋਟਲ ਅਤੇ ਸੱਭਿਆਚਾਰਕ ਥਾਵਾਂ ਦੇ ਨਾਲ ਵਧੇਰੇ ਉੱਚੀਆਂ ਇਮਾਰਤਾਂ ਹੋਣਗੀਆਂ, ਜਿਨ੍ਹਾਂ ਵਿੱਚ ਨਾਗਰਿਕ ਇਕੱਠਾਂ ਲਈ ਇੱਕ ਨਵਾਂ ਕੇਂਦਰੀ ਪਲਾਜ਼ਾ ਵੀ ਸ਼ਾਮਲ ਹੈ।
    - **ਸਮਿਥ ਤੋਂ ਡੇਵੀ ਸਟ੍ਰੀਟ ਤੱਕ ਮਨੋਰੰਜਨ ਲਈ ਕੇਂਦਰੀ ਖੇਤਰ** ਇੱਕ ਸਮਰਪਿਤ ਕਲਾ ਅਤੇ ਨਾਈਟਲਾਈਫ ਹੱਬ ਹੋਵੇਗਾ, ਜਿਸ ਵਿੱਚ ਵਿਸਤ੍ਰਿਤ ਲਾਈਵ ਸੰਗੀਤ ਸਥਾਨ, ਬਾਹਰੀ ਪ੍ਰਦਰਸ਼ਨ, ਛੱਤ ਵਾਲੇ ਪੈਟੀਓ ਅਤੇ ਵਪਾਰਕ ਇਮਾਰਤਾਂ, ਨਵੇਂ ਹੋਟਲ ਸ਼ਾਮਲ ਹੋਣਗੇ।
    - **ਡੇਵੀ ਸਟ੍ਰੀਟ ਦਾ ਬ੍ਰਿਜਹੈੱਡ ਸਾਊਥ** ਰਿਹਾਇਸ਼ੀ, ਵਪਾਰਕ ਅਤੇ ਸੱਭਿਆਚਾਰਕ ਥਾਵਾਂ ਦਾ ਮਿਸ਼ਰਣ ਹੋਵੇਗਾ, ਜੋ ਗ੍ਰੈਨਵਿਲ ਸਟ੍ਰੀਟ ਨੂੰ ਯੇਲਟਾਊਨ ਅਤੇ ਗ੍ਰੈਨਵਿਲ ਬ੍ਰਿਜ ਦੇ ਆਲੇ ਦੁਆਲੇ ਦੇ ਖੇਤਰਾਂ ਨਾਲ ਜੋੜੇਗਾ।

- ਆਕਰਸ਼ਕ ਜਨਤਕ ਥਾਂ ਬਣਾਉਣ ਲਈ **ਗ੍ਰੈਨਵਿਲ ਸਟ੍ਰੀਟ ਨੂੰ ਪੈਦਲ ਤੁਰਨਾ ਵਾਲਾ ਖੇਤਰ ਬਣਾਉਣਾ।** ਇਹ ਇੱਕ ਪੜਾਅਵਾਰ ਪਹੁੰਚ ਰਾਹੀਂ ਕੀਤਾ ਜਾਵੇਗਾ, ਜਿਸ ਵਿੱਚ ਮੌਸਮੀ ਆਧਾਰ 'ਤੇ ਬੰਦ ਕਰਨਾ ਤੋਂ ਸ਼ੁਰੂ ਕਰਦੇ ਹੋਏ ਇਕੱਠ ਅਤੇ ਜਸ਼ਨ ਲਈ ਸਾਲ ਭਰ ਪੈਦਲ ਤੁਰਨ ਵਾਲੇ ਜ਼ੋਨ ਵਿੱਚ ਬਦਲਿਆ ਜਾਵੇਗਾ।

- ਗ੍ਰੈਨਵਿਲ ਸਟ੍ਰੀਟ 'ਤੇ ਪੈਦਲ ਤੁਰਨ ਦਾ(ਦੇ) ਜ਼ੋਨ ਨੂੰ ਬਣਾਉਣ ਲਈ **ਰੋਜ਼ਾਨਾ-ਆਵਾਜਾਈ ਵਿੱਚ ਸੁਧਾਰ**, ਨਾਲ ਹੀ Howe ਅਤੇ Seymour 'ਤੇ ਭਰੋਸੇਯੋਗ ਬੱਸ ਸੇਵਾ ਦਾ ਸਮਰਥਨ ਕਰਨ ਲਈ ਨਿਵੇਸ਼ ਅਤੇ ਸਕਾਈਟ੍ਰੇਨ ਸਟੇਸ਼ਨਾਂ ਤੱਕ ਪੈਦਲ ਤੁਰਨ ਦੇ ਕਨੈਕਸ਼ਨਾਂ ਨੂੰ ਬਿਹਤਰ ਬਣਾਉਣਾ ਹੈ।

## ਪੜਾਅਵਾਰ ਲਾਗੂਕਰਨ

ਪ੍ਰਸਤਾਵਿਤ ਨਿਰਦੇਸ਼ਾਂ ਵਿੱਚ ਗ੍ਰੈਨਵਿਲ ਸਟ੍ਰੀਟ ਦੇ ਪਰਿਵਰਤਨ ਨੂੰ ਤਿੰਨ ਪੜਾਵਾਂ ਵਿੱਚ ਲਾਗੂ ਕੀਤਾ ਗਿਆ ਹੈ:

- ਥੋੜ੍ਹੇ ਸਮੇਂ (0-5 ਸਾਲ) ਵਿੱਚ, ਸ਼ਹਿਰ ਨਵੇਂ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਜ਼ੋਨਿੰਗ ਨੂੰ ਬਦਲੇਗਾ ਅਤੇ ਪੈਦਲ ਤੁਰਨ ਦੇ ਜ਼ੋਨ ਦਾ ਪ੍ਰਯੋਗ ਕਰਨ, ਸ਼ੁਰੂਆਤੀ ਰੋਜ਼ਾਨਾ-ਆਵਾਜਾਈ ਨੂੰ ਅੱਪਗ੍ਰੇਡ ਕਰਨ ਅਤੇ ਸੁਰੱਖਿਆ ਅਤੇ ਜਨਤਕ ਥਾਂ ਵਿੱਚ ਸੁਧਾਰਾਂ ਨੂੰ ਲਾਗੂ ਕਰਨ ਲਈ ਆਪਣੇ ਭਾਈਵਾਲਾਂ ਨਾਲ ਕੰਮ ਕਰੇਗਾ। ਗ੍ਰੈਨਵਿਲ ਸਟ੍ਰੀਟ ਦੀਆਂ ਜਨਤਕ ਥਾਵਾਂ ਦੇ ਭਵਿੱਖ ਦੇ ਡਿਜ਼ਾਈਨ ਬਾਰੇ ਜਾਣਕਾਰੀ ਲੈਣ ਵਿੱਚ ਮਦਦ ਕਰਨ ਲਈ ਸ਼ਹਿਰ ਜਨਤਾ ਤੋਂ ਰਾਏ ਇਕੱਠੀ ਕਰੇਗਾ।
- ਦਰਮਿਆਨੀ ਮਿਆਦ (6-10 ਸਾਲਾਂ) ਵਿੱਚ, ਸ਼ਹਿਰ ਸੱਭਿਆਚਾਰਕ ਥਾਵਾਂ ਦਾ ਵਿਸਤਾਰ ਕਰੇਗਾ, ਵੱਡੇ ਜਨਤਕ ਖੇਤਰ ਵਿੱਚ ਨਿਵੇਸ਼ ਕਰੇਗਾ, ਅਤੇ ਰੋਜ਼ਾਨਾ-ਆਵਾਜਾਈ ਵਿੱਚ ਸਥਾਈ ਸੁਧਾਰਾਂ ਦਾ ਸਮਰਥਨ ਕਰੇਗਾ।
- ਲੰਬੇ ਸਮੇਂ (11-20 ਸਾਲਾਂ) ਵਿੱਚ, ਗ੍ਰੈਨਵਿਲ ਸਟ੍ਰੀਟ ਪੂਰੀ ਤਰ੍ਹਾਂ ਪੈਦਲ ਤੁਰਨ ਵਾਲਾ ਖੇਤਰ ਬਣ ਜਾਵੇਗਾ ਜਿਸ ਵਿੱਚ ਵੱਡੇ ਪੁਨਰ ਵਿਕਾਸ ਪ੍ਰੋਜੈਕਟ ਚੰਗੀ ਤਰ੍ਹਾਂ ਚੱਲ ਰਹੇ ਹੋਣਗੇ ਅਤੇ ਇੱਕ ਪੂਰੀ ਤਰ੍ਹਾਂ ਬਣਾਇਆ ਗਿਆ ਮਨੋਰੰਜਨ ਡਿਸਟ੍ਰਿਕਟ ਹੋਵੇਗਾ।

## ਸ਼ਾਮਲ ਹੋਵੋ

ਤੁਹਾਡੀ ਫੀਡਬੈਕ ਅੰਤਿਮ ਡ੍ਰਾਫਟ ਯੋਜਨਾ ਨੂੰ ਆਕਾਰ ਦੇਣ ਵਿੱਚ ਮਦਦ ਕਰੇਗੀ, ਜੋ ਕਿ ਜੂਨ 2025 ਵਿੱਚ ਫੈਸਲੇ ਲਈ ਕੌਂਸਲ ਨੂੰ ਪੇਸ਼ ਕੀਤੀ ਜਾਵੇਗੀ। ਪ੍ਰਸਤਾਵਿਤ ਨਿਰਦੇਸ਼ਾਂ 'ਤੇ ਆਪਣੇ ਵਿਚਾਰ ਇਸ ਤਰ੍ਹਾਂ ਸਾਂਝੇ ਕਰੋ:

- https://www.shapeyourcity.ca/granville-street-planning'ਤੇ ਸਰਵੇਖਣ ਨੂੰ ਪੂਰਾ ਕਰਕੇ
- ਓਪਨ ਹਾਊਸ ਜਾਂ ਔਨਲਾਈਨ ਜਾਣਕਾਰੀ ਸੈਸ਼ਨ ਵਿੱਚ ਸ਼ਾਮਲ ਹੋ ਕੇ
- ਮੇਲਿੰਗ ਸੂਚੀ ਲਈ ਸਾਈਨ-ਅੱਪ ਕਰਕੇ